# ਇਲਤਿ ਕਾ ਨਾਉ ਚਉਧਰੀ

**ਸਲੋਕ ਮਃ ੨ ॥**

**ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥**

**ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥**

ਇਹ ਸਲੋਕ, ਸ੍ਰੀ ਗੁਰੂ ਨਾਨਕ ਸਾਹਿਬ ਦੀ ਉਚਾਰਣ ਕੀਤੀ 'ਵਾਰ ਮਲਾਰ ਕੀ' ਦੀ ੨੨ਵੀਂ 'ਪਉੜੀ' ਦੇ ਨਾਲ ਦਾ ਪਹਿਲਾ 'ਸਲੋਕ' ਹੈ ਜੋ ਸ੍ਰੀ ਗੁਰੂ ਅੰਗਦ ਸਾਹਿਬ ਦਾ ਉਚਾਰਣ ਕੀਤਾ ਹੋਇਆ ਹੈ। ਇਹ ਪੰਨਾ ੧੨੮੮ ਤੇ ਸੁਭਾਇਮਾਨ ਹੈ। ਇਸ ਤੋਂ ਅਗਲਾ ਸਲੋਕ ਸ੍ਰੀ ਗੁਰੂ ਨਾਨਕ ਸਾਹਿਬ ਦਾ ਆਪਣਾ ਹੀ ਉਚਾਰਣ ਕੀਤਾ ਹੋਇਆ ਹੈ।

ਇਸ ਪਹਿਲੇ ਸਲੋਕ ਵਿਚ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਨੇ ਕਲਿਜੁਗ ਦੌਰਾਨ ਮਨੁਖਾਂ ਦੇ ਸੁਭਾਅ ਦਾ ਵਰਣਨ ਕੀਤਾ ਹੈ।

-- ਗੁਰੂ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਕਲਿਜੁਗ ਵਿਚ ਇਕ ਫ਼ਕੀਰ, ਭਾਵ, ਅਧਿਆਤਮਕ ਤੌਰ ਤੇ ਨਿਰਧਨ ਵਿਅਕਤੀ ਦਾ ਵਡਾ ਨਾਉਂ, ਬਾਦਸ਼ਾਹ, ਰਾਜਾ (ruler) ਰਖ ਲਿਆ ਜਾਂਦਾ ਹੈ, ਤੇ ਲੋਕ ਉਸ ਦੇ ਅੰਧ ਭਗਤ ਬਣ ਜਾਂਦੇ ਹਨ ਅਤੇ ਮੂਰਖਾਂ ਨੂੰ ਲੋਕ ਪੰਡਤ ਜਾਂ ਵਿਦਵਾਨ ਮੰਨ ਲੈਂਦੇ ਹਨ ਜਾਂ ਉਹ ਆਪ ਸਦਾਉਂਦੇ ਹਨ। ਭਾਵ ਇਹ ਕਿ ਅਸਲ ਅਧਿਆਤਮਕ ਤੌਰ ਤੇ ਅਕਲਮੰਦ ਜਾਂ ਸਿਆਣੇ ਨੂੰ ਕੋਈ ਨਹੀਂ ਜਾਣਦਾ ਅਤੇ ਲੋਕ ਗਿਆਨ ਵਿਹੂਣਿਆਂ, ਮੂਰਖਾਂ ਦੇ ਮਗਰ ਲਗੇ ਰਹਿੰਦੇ ਹਨ। ਰਾਜ ਵੀ ਅਜਿਹਿਆਂ ਦੇ ਹਥ ਹੀ ਹੈ ਜੋ ਰੱਬੀ ਗਿਆਨ ਤੋਂ ਵਿਹੂਣੇ ਹਨ। ਸ੍ਰੀ ਗੁਰੂ ਰਾਮਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਜਿਤਨੇ ਰਾਜੇ, ਬਾਦਸ਼ਾਹ, ਅਮੀਰ, ਰਈਸ, ਨਵਾਬ, ਲੀਡਰ, ਚੌਧਰੀ ਹਨ, ਇਹ ਸਭ ਕੂੜ ਜਾਣੋ, ਮਿਥਿਆ ਸਮਝੋ, ਮਾਇਆ ਰੂਪ ਠਗੀ ਹੀ ਸਮਝੋ। ਹੇ ਮੇਰੇ ਮਨ ! ਸਿਰਫ਼ ਨਾਸ-ਰਹਿਤ ਹਰੀ ਪ੍ਰਭੂ ਦੇ ਨਾਮ ਭਜ, ਸਿਮਰਨ ਕਰ, ਉਹੀ ਪ੍ਰਭੂ ਦੀ ਦਰਗਾਹ ਵਿਚ ਪ੍ਰਵਾਨ ਹੋਣਾ ਹੈ - 'ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ॥ ਹਰਿ ਅਬਿਨਾਸੀ ਸਦਾ ਥਿਰੁ ਨਿਹਚਲੁ ਤਿਸੁ ਮੇਰੇ ਮਨ ਭਜੁ ਪਰਵਾਣੁ॥', ਪੰਨਾ ੮੬੧.

-- ਅਕਲ ਤੋਂ ਅੰਨ੍ਹੇ ਵਿਅਕਤੀ ਨੂੰ ਪਾਰਖੂ ਮੰਨਿਆਂ ਜਾਂਦਾ ਹੈ। ਇਸ ਤਰ੍ਹਾਂ ਦੀ ਉਲਟੀ ਰੀਤ ਚਲਦੀ ਹੈ। ਜਿਸ ਕਿਸੇ ਨੂੰ ਕਿਸੇ ਵਿਸ਼ੇ ਵਿਸ਼ੇਸ਼ ਦੀ ਸੋਝੀ ਨਹੀਂ ਹੁੰਦੀ ਉਹੀ ਆਪਣੇ ਆਪ ਨੂੰ ਉਸ ਵਿਸ਼ੇ ਦਾ ਮਾਹਿਰ ਮੰਨ ਬੈਠਦਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਵੀ ਉਸ ਸਮੇਂ (contemporary period) ਵਿਚ ਕਲਿਜੁਗ ਦਾ ਹਾਲ ਦਸਦੇ ਹਨ ਕਿ ਅਧਿਆਤਮਕ ਤੌਰ ਤੇ ਪੂਰਨ ਅਗਿਆਨੀ ਮਨੁਖ ਨੂੰ ਸਿਆਣਾ ਮੰਨਿਆਂ ਜਾ ਰਿਹਾ ਹੈ, ਕਿਹੋ ਜਿਹਾ ਹੈ ਕਲਿਜੁਗ ਦਾ ਅਸਚਰਜ ਨਿਆਂ - 'ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ॥', ਪੰਨਾ ੨੨੯.

ਇਹ ਅਜ ਕਲ ਵਿਦਿਆ ਅਤੇ ਧਰਮ ਦੀਆਂ ਉਚ ਸੰਸਥਾਵਾਂ ਤੇ ਆਮ ਵੇਖਣ ਨੂੰ ਮਿਲਦਾ ਹੈ। ਕੌਸ਼ਲ, ਨਿਪੁੰਨਤਾ, ਲਿਆਕਤ ਤੇ ਰੱਬੀ ਗੁਣਾਂ ਦੀ ਪੁਛ ਪ੍ਰਤੀਤ ਹੋਣ ਦੀ ਬਜਾਏ, ਦੌਲਤ, ਚਾਪਲੂਸੀ ਅਤੇ ਰਾਜਨੀਤਗਾਂ ਤਕ ਬਣੀ ਪਹੁੰਚ ਹੀ ਚੋਣ ਦਾ ਮਾਪਦੰਡ ਹੈ। ਇਸੇ ਕਰ ਕੇ ਅਗਲੀਆਂ ਪੀੜ੍ਹੀਆਂ ਤਕ ਕੂੜ ਕੁਫ਼ਰ ਦੀ ਹੀ ਸਿਖਿਆ/ਵਿਦਿਆ ਪੁਜ ਰਹੀ ਹੈ। ਹਰ ਸਰਕਾਰੀ/ਗ਼ੈਰ ਸਰਕਾਰੀ ਪੋਸਟ ਦੀ ਆਪਣੀ ਕੀਮਤ ਤੈਅ ਹੈ, ਬੋਲੀ ਵੀ ਲਗਦੀ ਹੈ। ਫ਼ਿਰ

ਕਈ ਉਚ ਅਧਿਕਾਰੀ ਤਾਂ ਬਾਂਹ/ਗਲੇ ਵਿਚ ਮਾਲਾ ਪਾਉਣ ਜਾਂ ਹੋਰ ਕੂੜੇ ਵੇਸ ਬਣਾਉਣ ਦਾ ਢੌਂਗ ਵੀ ਕਰੀ ਫ਼ਿਰਦੇ ਵੇਖੇ ਜਾ ਸਕਦੇ ਹਨ। ਅਜਿਹਿਆਂ ਦੇ ਬੋਲੇ ਕੂੜੇ ਵਾਕਾਂ ਤੇ ਅੰਧ ਭਗਤ ਖ਼ੂਬ ਤਾੜੀਆਂ ਵੀ ਮਾਰਦੇ ਹਨ ਪਰ ਅਸਲ ਰੱਬੀ ਗੁਣੀਆਂ ਅਤੇ ਵਿਦਵਾਨਾਂ ਨੂੰ ਕੋਈ ਸੁਣਨਾ ਵੀ ਪਸੰਦ ਨਹੀਂ ਕਰਦਾ, ਕਿਉਂਕਿ ਗੁਣਾਂ ਦਾ ਗਾਹਕ ਕੋਈ ਵਿਰਲਾ ਹੀ ਹੁੰਦਾ ਹੈ, ਜਿਵੇਂ ਬਜ਼ਾਰ ਦੇ ਵਿਚ ਜੌਹਰੀ ਦੀ ਦੁਕਾਨ ਤੇ ਤਾਂ ਅਕਸਰ ਸੰਨਾਟਾ ਹੀ ਵੇਖਣ ਨੂੰ ਮਿਲਦਾ ਹੈ। ਪਰ ਨਕਲੀ ਜ਼ੇਵਰਾਤ ਦੀਆਂ ਹੱਟੀਆਂ ਤੇ ਰੌਣਕਾਂ ਹੁੰਦੀਆਂ ਹਨ।

**ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥**
**ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥੧॥**

-- ਸ਼ਰਾਰਤੀ ਲੋਕਾਂ ਨੂੰ ਚੌਧਰੀ ਮੰਨਿਆਂ ਜਾਂਦਾ ਹੈ। ਅਜਿਹੀ ਕੂੜੀ ਇਸਤ੍ਰੀ ਅਗੇ ਹੋ ਕੇ ਥਾਂ ਮਲਦੀ ਹੈ, ਹਰ ਥਾਂ ਪਰਧਾਨ ਬਣਦੀ ਹੈ। ਅਜਿਹੇ ਲੋਕਾਂ ਨੂੰ ਰਾਜ ਦੇ, ਸਮਾਜ ਦੇ ਚੌਧਰੀ, ਮੁਖੀ ਮੰਨਿਆਂ ਜਾਂਦਾ ਹੈ। ਭਾਵ, ਕਲਿਜੁਗ ਦਾ ਲਛਣ ਹੈ ਕਿ ਸਿਆਣੇ, ਗਿਆਨਵਾਨ, ਸਮਝਦਾਰ ਮਨੁਖ ਦੀ ਕੋਈ ਨਹੀਂ ਸੁਣਦਾ, ਉਸਦੀ ਕੋਈ ਬੁਕਤ ਨਹੀਂ ਹੁੰਦੀ।

-- ਦੂਜੇ ਨਾਨਕ ਫ਼ੁਰਮਾਣ ਕਰਦੇ ਹਨ ਕਿ ਇਹ ਸਾਰੀ ਸਚਿਆਈ ਗੁਰੂ ਅਨੁਸਾਰੀ/ਗੁਰਮੁਖਿ ਹੋ ਕੇ ਹੀ ਸਮਝ ਆਉਂਦੀ ਹੈ ਕਿ ਉਪਰ ਦਸਿਆ ਹੀ ਕਲਿਜੁਗ ਦਾ ਨਿਆਉਂ, ਸੁਭਾਅ ਹੁੰਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਸਾਰੰਗ ਰਾਗ ਵਿਚ ਬਚਨ ਕਰਦੇ ਹਨ ਕਿ ਕਲਿਜੁਗੀ ਦੁਨੀਆਂ ਵਿਚ ਕੁਤੇ ਵਾਂਙ ਖਾਣ ਦਾ ਹਲਕ ਪਿਆ ਰਹਿੰਦਾ ਹੈ, ਮੁਰਦਾ, ਗੋਸ਼ਤ ਖਾਣਾ, ਰਿਸ਼ਵਤ ਆਦਿ ਹਰਾਮ ਦਾ ਖਾਣਾ ਹੀ ਮਨ ਨੂੰ ਭਾਣ ਲਗ ਜਾਂਦਾ ਹੈ। ਇਸ ਦੇ ਨਾਲ ਹਰ ਵੇਲੇ ਝੂਠ ਬੋਲ ਬੋਲ ਕੇ ਗੰਦ ਭੌਂਕਣ ਦੀ ਰੁਚੀ ਬਣ ਜਾਂਦੀ ਹੈ ਅਤੇ ਧਰਮ ਦੀ ਵੀਚਾਰ ਤਾਂ ਮੁਕ ਹੀ ਜਾਂਦੀ ਹੈ। ਜੀਊਂਦੇ ਜੀਅ ਅਜਿਹਿਆਂ ਦੀ ਕੋਈ ਮਨ ਤੋਂ ਇਜ਼ਤ ਨਹੀਂ ਹੁੰਦੀ ਅਤੇ ਉਨ੍ਹਾਂ ਦੇ ਮਰਿਆਂ ਉਨ੍ਹਾਂ ਦੀ ਬਦਨਾਮੀ ਹੋਰ ਵਧ ਜਾਂਦੀ ਹੈ - 'ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥ ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥ ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ॥..', ਪੰਨਾ ੧੨੪੨. ਇਹੀ ਲਛਣ ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ ਹੋਰ ਥਾਈਂ ਅੰਕਤ ਕੀਤੇ ਹਨ ਕਿ ਅਜਿਹੇ ਸਮੇਂ ਵਿਚ ਖਾਣ ਦਾ ਲਾਲਚ ਕੁਤੇ ਵਰਗਾ ਹੈ, ਕੂੜ ਬੋਲਣਾ ਅਸਲ ਨੀਚ ਜਾਤਿ ਹੈ, ਠਗੀ ਕਰਨੀ ਤੇ ਮੁਰਦਾ ਜਾਂ ਮਾਸ ਖਾਣਾ ਇਕ ਬਰਾਬਰ ਹੈ। ਪਰਾਈ ਨਿੰਦਾ ਦਾ ਅਰਥ ਹੈ ਪਰਾਈ ਮੈਲ ਨੂੰ ਆਪਣੇ ਮੂੰਹ ਵਿਚ ਪਾਉਣਾ, ਅਗ ਵਰਗਾ ਕ੍ਰੋਧ, ਇਹ ਸਭ ਚੰਡਾਲਾਂ ਵਾਲੇ ਲਛਣ ਹਨ - 'ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥', ਪੰਨਾ ੧੫.

ਕਲਿਜੁਗ ਦਾ ਅਜਿਹਾ ਮਾੜਾ ਅਸਰ ਸਭ ਪਾਸੇ ਵੇਖਣ ਨੂੰ ਮਿਲਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਤਾਂ ਇਥੋਂ ਤਕ ਦਸ ਰਹੇ ਹਨ ਕਿ ਇਸ ਜੁਗ ਵਿਚ ਪੁਰਾਣੇ ਜਿੰਨ, ਭੂਤਨੇ (evil Spirits) ਮਨੁਖੀ ਜੂਨ ਵਿਚ ਜਨਮ ਲੈ ਕੇ ਆਉਂਦੇ ਹਨ। ਇਥੋਂ ਤਕ ਕਿ ਇਨ੍ਹਾਂ ਦੇ ਪੁਤਰ ਤੇ ਧੀਆਂ ਛੋਟੇ ਜਿੰਨੂਰੇ ਤੇ ਜਿੰਨੂਰੀਆਂ ਹਨ ਪਰ ਕਲਿਜੁਗ ਦੀਆਂ ਇਸਤ੍ਰੀਆਂ ਤਾਂ ਜਿੰਨਾਂ ਦੀਆਂ ਸਿਕਦਾਰ, ਭਾਵ, ਸਰਦਾਰ ਹੁੰਦੀਆਂ ਹਨ ਜੋ ਮਨਮਤਿ, ਬੁਰਿਆਈ ਫ਼ੈਲਾਉਣ ਵਿਚ ਸਭ ਤੋਂ ਮੋਹਰੀ ਹੁੰਦੀਆਂ ਹਨ। ਇਨ੍ਹਾਂ ਜਿੰਨਾਂ ਤੋਂ ਮੰਦ ਕਰਮਾਂ ਦੀ ਹੀ ਆਸ ਕੀਤੀ ਜਾ ਸਕਦੀ ਹੈ -

'ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰ॥ ਪੁਤੁ ਜਿਨੂਰਾ ਧੀਅ ਜਿਨੂਰੀ ਜੋਰੂ ਜਿੰਨਾ ਦਾ ਸਿਕਦਾਰ॥', ਅੰਕ ੫੫੬. ਸਿਆਣਿਆਂ ਦੀ ਅਜ ਵੀ ਇਹ ਰਾਇ ਹੈ ਕਿ ਜੇ ਕੌਮ ਨੂੰ ਗੁਰੂ ਵਾਲੀ ਬਣਾਉਣਾ ਹੈ ਤਾਂ ਅਜ ਦੀਆਂ ਬਚੀਆਂ ਨੂੰ ਗੁਰੂ ਅਨੁਸਾਰੀ ਬਣਾ ਲਈਏ ਤਾਂ ਇਕ ਪੀੜ੍ਹੀ ਬਾਅਦ ਕੌਮ ਸਹੀ ਲੀਹ ਤੇ ਆ ਜਾਏਗੀ। ਪਰ ਅਜ ਕੌਮ ਦੀ ਇਸਤਰੀ ਗੁਰੂ ਦੀ ਲੀਹ ਤੇ ਨਹੀਂ ਹੈ, ਇਹ ਕੌੜਾ ਸਚ ਹੈ। ਬੇਸ਼ਕ ਮਰਦ ਪੀੜ੍ਹੀ ਵੀ ਦੋਸ਼ ਮੁਕਤ ਨਹੀਂ।

ਕਲਿਜੁਗ ਦੇ ਮਾੜੇ ਅਸਰ ਤੋਂ ਬਚਣ ਦਾ ਇਕੋ ਇਕ ਉਪਾਅ ਸ੍ਰੀ ਗੁਰੂ ਰਾਮਦਾਸ ਸਾਹਿਬ ਦਸਦੇ ਹਨ ਕਿ ਗੁਰੂ ਅਨੁਸਾਰੀ ਹੋ ਕੇ ਰਾਮ ਪ੍ਰਭੂ ਦਾ ਨਾਮ ਜਪਿਆ ਜਾਏ ਜੋ ਜਹਾਜ਼, Ship ਬਣ ਕੇ ਭਵਜਲ ਸੰਸਾਰ ਸਾਗਰ ਤੋਂ ਪਾਰ ਉਤਾਰ ਦੇਣ ਦੇ ਸਮਰੱਥ ਹੈ - 'ਕਲਿਜੁਗਿ ਰਾਮ ਨਾਮੁ ਬੋਹਿਥਾ ਗੁਰਮੁਖਿ ਪਾਰਿ ਲੰਘਾਈ॥', ਪੰਨਾ ੪੪੩.

**ਮਃ ੧ ॥**

**ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ॥**

**ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥**

ਇਹ ੨੨ਵੀ ਪਉੜੀ ਦਾ ਦੂਜਾ ਸਲੋਕ ਹੈ ਜੋ ਸ੍ਰੀ ਗੁਰੂ ਨਾਨਕ ਸਾਹਿਬ ਦਾ ਉਚਾਰਣ ਕੀਤਾ ਹੋਇਆ ਹੈ।

-- ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਹਿਰਣ, ਬਾਜ਼ ਅਤੇ ਸਰਦਾਰੀ ਕਰਣ ਵਾਲੇ, ਥਾਣੇਦਾਰ, ਇਹ ਸਭ ਇੰਵ ਸਿਖਾਏ ਹੁੰਦੇ ਹਨ ਕਿ ਇਹ ਆਪਣੇ ਜਾਤ/ਨਸਲ ਦੇ ਭਰਾਵਾਂ ਨੂੰ ਸ਼ਿਕਾਰੀਆਂ ਦੇ ਜਾਲ ਵਿਚ ਫ਼ਸਾ ਦਿੰਦੇ ਹਨ।

-- ਜਿਥੇ ਫ਼ਾਹੀ ਲਗੀ ਹੁੰਦੀ ਹੈ, ਇਹ ਉਥੇ ਆਪਣੇ ਜਾਤ, ਕੌਮ ਦੇ ਭਰਾਵਾਂ ਨੂੰ ਫ਼ਸਾ ਦਿੰਦੇ ਹਨ। ਇਨ੍ਹਾਂ ਨੂੰ ਦਿਤੀ ਗਈ ਟ੍ਰੇਨਿੰਗ/ਵਿਦਿਆ ਹੀ ਇਨ੍ਹਾਂ ਦੇ ਗਲ ਦੀ ਫ਼ਾਹੀ ਬਣ ਗਈ ਕਿਉਂਕਿ ਉਸ ਰਾਹੀਂ ਇਹ ਆਪਣੀ ਹੀ ਜਾਤ, ਕੌਮ ਦੇ ਹੋਰਨਾਂ ਨੂੰ ਫ਼ਸਾ ਕੇ ਮਰਵਾਉਣ ਲਗ ਪਏ। 'ਅਗੈ ਨਾਹੀ ਥਾਉ' ਇਹੋ ਜਿਹਿਆਂ ਨੂੰ ਪ੍ਰਭੂ ਦੀ ਹਜ਼ੂਰੀ ਵਿਚ ਥਾਂ ਕਦੇ ਨਹੀਂ ਮਿਲਦੀ।

**ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ॥**

**ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ॥**

-- ਅਸਲ ਵਿਦਿਅਕ, ਪੜ੍ਹਿਆ ਲਿਖਿਆ, ਵਿਦਵਾਨ, ਸਿਆਣਾ ਉਹੀ ਹੈ ਜਿਸਨੇ ਨਾਮ ਧਨ ਕਮਾਇਆ ਹੈ ਇਕੱਤਰ ਕੀਤਾ ਹੈ।

ਸਿਮਰਨ ਦੀ ਦੌਲਤ ਕਮਾਏ ਬਿਨਾਂ ਵਿਦਿਆ ਲਬ, ਲੋਭ ਅਤੇ ਹੰਕਾਰ ਆਦਿ ਵਿਕਾਰ ਪੈਦਾ ਕਰਦੀ ਹੈ ਅਤੇ ਅਜਿਹੇ ਪੜ੍ਹੇ ਲਿਖੇ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਮੂਰਖ ਆਖਦੇ ਹਨ - 'ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥', ਪੰਨਾ ੧੪੦. 'ਸਲੋਕ ਵਾਰਾਂ ਤੇ ਵਧੀਕ' ਵਿਚ ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਅਸਲ ਬ੍ਰਾਹਮਣ ਉਹ ਹੈ ਜੋ ਪਰਮੇਸ਼ਰ ਨੂੰ ਹਿਰਦੇ ਵਿਚ ਵਸਾ ਲੈਂਦਾ ਹੈ, ਜਪ ਤਪ ਸੰਜਮ ਆਦਿ ਗੁਣਾਂ ਵਾਲੇ ਕਰਮ ਕਰਦਾ ਹੈ, ਸੀਲ ਸੰਤੋਖ ਦਾ ਧਰਮ ਪਾਲਦਾ ਹੈ ਅਤੇ ਇੰਵ ਆਪਣੇ ਹਉਮੈ ਦੇ ਬੰਧਨ ਕਟ ਲੈਂਦਾ ਹੈ ਅਤੇ ਇਸ ਤਰ੍ਹਾਂ ਮੁਕਤੀ ਨੂੰ ਪ੍ਰਾਪਤ ਕਰ ਲੈਂਦਾ ਹੈ, ਅਜਿਹਾ ਬ੍ਰਾਹਮਣ ਹੀ ਪੂਜਣ ਜੋਗ ਹੁੰਦਾ ਹੈ - 'ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥ ਜਪੁ ਤਪੁ ਸੰਜਮੁ ਕਮਾਵੈ ਕਰਮੁ॥ ਸੀਲ ਸੰਤੋਖ ਕਾ ਰਖੈ ਧਰਮੁ॥

ਬੰਧਨ ਤੋੜੈ ਹੋਵੈ ਮੁਕਤੁ॥ ਸੋਈ ਬ੍ਰਹਮਣੁ ਪੂਜਣ ਜੁਗਤੁ॥', ਪੰਨਾ ੧੪੧੧. ਪਾਤਸ਼ਾਹ ਆਸਾ ਰਾਗ ਵਿਚ ਬਚਨ ਕਰਦੇ ਹਨ ਕਿ ਜਿਸ ਕਿਸੇ ਵਿਰਲੇ ਨੇ ਪ੍ਰਭੂ ਦਾ ਗਿਆਨ ਪ੍ਰਾਪਤ ਕਰ ਲਿਆ, ਉਸ ਪ੍ਰਭੂ ਨੂੰ ਸਭ ਵਿਚ ਵੇਖ ਲਿਆ ਅਤੇ ਹਉਮੈ ਤੇ ਫ਼ਤਹਿ ਪ੍ਰਾਪਤ ਕਰ ਲਈ ਉਹੀ ਹੈ ਵਿਦਵਾਨ, ਪੜਿਆ ਪੰਡਿਤ - 'ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ॥ ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥', ਪੰਨਾ ੪੩੨. 'ਓਅੰਕਾਰੁ' ਬਾਣੀ ਵਿਚ ਪਾਤਸ਼ਾਹ ਸਪੱਸ਼ਟ ਕਰਦੇ ਹਨ ਕਿ ਉਹੀ ਅਧਿਆਪਕ ਪੜਿਆ ਲਿਖਿਆ ਹੈ ਜਿਹੜਾ ਰੱਬੀ ਵਿਦਿਆ ਰਾਹੀਂ ਸਹਿਜ ਦੀ ਅਵਸਥਾ ਵਿਚ ਵਿਚਰਦਾ ਹੈ, ਇਸ ਵਿਦਿਆ ਰਾਹੀਂ ਤੱਤ, ਵਾਹਗੁਰੂ ਦੀ ਪ੍ਰਾਪਤੀ ਕਰਦਾ ਹੈ ਅਤੇ ਉਸ ਪ੍ਰਭੂ ਦੇ ਨਾਮ ਵਿਚ ਲਿਵ ਲਗਾ ਲੈਂਦਾ ਹੈ - 'ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥ ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥', ਪੰਨਾ ੯੩੭. ਸ੍ਰੀ ਗੁਰੂ ਅਮਰਦਾਸ ਸਾਹਿਬ ਭਗਤ ਪ੍ਰਹਿਲਾਦ ਦੀ ਸਿਫ਼ਤ ਕਰਦਿਆਂ ਬਚਨ ਕਰਦੇ ਹਨ ਕਿ ਉਹ ਇਕੋ ਪਰਮਾਤਮਾ ਦਾ ਨਾਂ ਹੀ ਪੜ੍ਹਦਾ ਸੀ, ਉਸੇ ਨੂੰ ਹੀ ਅਨੁਭਵ ਕਰਦਾ ਸੀ, ਉਸ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਜਾਣਨਾ ਚਾਹੁੰਦਾ ਸੀ - 'ਏਕੋ ਪੜੈ ਏਕੋ ਨਾਉ ਬੂਝੈ ਦੂਜਾ ਅਵਰੁ ਨ ਜਾਣੈ॥', ਪੰਨਾ ੬੭. ਭਗਤ ਕਬੀਰ ਜੀ ਨੇ ਤਾਂ ਸਪੱਸ਼ਟ ਹੀ ਕਰ ਦਿਤਾ ਕਿ ਉਹ ਭਗਤ ਪ੍ਰਹਿਲਾਦ ਨੇ ਤਾਂ ਸਾਫ਼ ਸ਼ਬਦਾਂ ਵਿਚ ਐਲਾਨ ਕਰ ਦਿਤਾ ਸੀ ਕਿ ਮੈਨੂੰ ਊਲ-ਜਲੂਲ ਨਾ ਪੜ੍ਹਾਇਆ ਜਾਵੇ, ਮੇਰੀ ਫ਼ਟੀ ਤੇ ਸਿਰਫ਼ ਪ੍ਰਭੂ ਦਾ ਨਾਮ ਲਿਖ ਦਿਤਾ ਜਾਏ। ਇਕ ਪਰਮਾਤਮਾ ਦਾ ਨਾਮ ਜਪਣ ਤੋਂ ਇਲਾਵਾ ਮੇਰਾ ਹੋਰ ਕਿਸੇ ਪੜ੍ਹਾਈ ਨਾਲ ਕੋਈ ਵਾਸਤਾ ਨਹੀਂ - 'ਮੋ ਕਉ ਕਹਾ ਪੜ੍ਾਵਸਿ ਆਲ ਜਾਲ॥ ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋੁਪਾਲ॥.. ਨਹੀ ਛੋਡਉ ਰੇ ਬਾਬਾ ਰਾਮ ਨਾਮ॥ ਮੇਰੋ ਅਉਰ ਪੜ੍ਨ ਸਿਉ ਨਹੀ ਕਾਮੁ॥', ਪੰਨਾ ੧੧੯੪. ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਹਰੀ ਪ੍ਰਭੂ ਦਾ ਨਾਮ ਹੀ ਪੜ੍ਹੋ, ਹਰੀ ਪ੍ਰਭੂ ਦਾ ਨਾਮ ਹੀ ਲਿਖੋ, ਇਹੀ ਜਪੋ, ਸਿਮਰੋ ਅਤੇ ਇਹੀ ਗਾਉ, ਇਸੇ ਨੇ ਹੀ ਭਵਜਲ ਸੰਸਾਰ ਸਾਗਰ ਤੋਂ ਪਾਰ ਉਤਾਰਨਾ ਹੈ - 'ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲੁ ਪਾਰੁ ਉਤਾਰੀ॥', ਪੰਨਾ ੬੬੯. ਭਗਤ ਕਬੀਰ ਜੀ ਵੀ ਸਪੱਸ਼ਟ ਨਿਰਨਾ ਕਰਦੇ ਹਨ ਕਿ ਮੈਂ ਸੋਚਿਆ ਸੀ ਕਿ ਪੜ੍ਹਨਾ ਚੰਗਾ ਹੈ ਪਰ ਅਸਲ ਵਿਚ ਤਾਂ ਨਾਮ ਸਿਮਰਨ ਕਮਾਉਣਾ ਹੀ ਬਿਹਤਰ ਹੈ। ਮੈਂ ਤਾਂ ਨਾਮ ਹੀ ਜਪਾਂਗਾ, ਭਾਵੇਂ ਲੋਕ ਮੇਰੀ ਨਿੰਦਾ ਪਏ ਕਰਨ - 'ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ॥ ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ॥', ਪੰਨਾ ੧੩੬੬.

-- ਪਾਤਸ਼ਾਹ ਤਰਕ ਦੇ ਕੇ ਸਮਝਾ ਰਹੇ ਹਨ ਕਿ ਪਹਿਲਾਂ ਜਿਸ ਦੀ ਜ਼ਮੀਨ ਦੇ ਅੰਦਰ ਜੜ੍ਹ ਮਜ਼ਬੂਤ ਹੋਵੇ ਉਸੇ ਰੁਖ ਦੀ ਹੀ ਛਾਂ ਜ਼ਮੀਨ ਦੇ ਉਪਰ ਸੰਘਣੀ ਬਣਦੀ ਹੈ। ਇਥੇ **ਨਾਮ ਦੀ ਕਮਾਈ ਨੂੰ ਮਹਾਰਾਜ ਅਜਿਹੀ ਜੜ੍ਹ ਫ਼ੁਰਮਾ ਰਹੇ ਹਨ, ਜਿਸ ਦੀ ਮਜ਼ਬੂਤ ਹੋਵੇ, ਉਹੀ, ਕਿਸੇ ਜ਼ਿੰਮੇਵਾਰੀ ਵਾਲੀ ਥਾਂ ਤੇ ਬੈਠ ਕੇ ਦੁਨੀਆਂ ਦਾ ਭਲਾ ਕਰ ਸਕਦਾ ਹੈ, ਦੂਜਾ ਨਹੀਂ**। ਦੂਜਾ ਕੀ ਕਰੇਗਾ? ਇਹ ਅਗਲੀਆਂ ਪੰਕਤੀਆਂ ਵਿਚ ਬਚਨ ਕਰ ਰਹੇ ਹਨ :

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

-- ਪ੍ਰਭੂ ਦੇ ਨਾਮ ਤੋਂ ਸਖਣੇ ਰਾਜੇ ਜੰਗਲੀ ਖੂੰਖਾਰ ਸ਼ੇਰ ਹੁੰਦੇ ਹਨ ਅਤੇ ਉਨ੍ਹਾਂ ਦੇ ਅਹਿਲਕਾਰ, ਮੰਤਰੀ ਸ਼ਿਕਾਰੀ ਕੁਤੇ ਹੁੰਦੇ ਹਨ। ਇਹ ਮਸੂਮ ਪਰਜਾ ਨੂੰ ਵੇਲੇ-ਕੁਵੇਲੇ ਚੈਨ ਦੀ ਨੀਂਦ ਨਹੀਂ ਸੌਣ ਦਿੰਦੇ।

-- ਚਾਕਰ, ਭਾਵ, ਬਿਊਰੋਕਰੈਟਸ Bureaucrats ਜਾਂ ਸਕੱਤਰ ਲੈਵਲ ਦੇ ਅਫ਼ਸਰ ਆਪਣੇ ਪੰਜਿਆਂ, paws ਨਾਲ, ਭਾਵ, ਆਪਣੀ ਤਾਕਤ ਦੀ ਦੁਰਵਰਤੋਂ ਕਰ ਕੇ ਪਰਜਾ ਦੇ ਜਿਸਮਾਂ ਤੇ ਜ਼ਖ਼ਮ ਦਿੰਦੇ ਹਨ। ਇਸ ਤਰ੍ਹਾਂ ਨਿਕਲਿਆ ਖ਼ੂਨ/ਪਾਕ, ਕਨੂੰਨ ਦੇ ਅਖਉਤੀ ਰਖਵਾਲੇ, ਜੋ ਕੁਤੇ ਰੂਪ ਹਨ, ਚੱਟ ਜਾਂਦੇ ਹਨ। ਇਹ ਸਭ ਨਾਮ ਤੋਂ ਵਿਹੂਣੇ, ਦੁਨਿਆਵੀ ਤਾਕਤ ਪ੍ਰਾਪਤ ਵਿਅਕਤੀਆਂ ਦੇ ਕਾਰਨਾਮੇ ਹਨ।

'ਵਾਰ ਮਾਝ ਕੀ' ਵਿਚ ਵੀ ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਕਲਿਜੁਗ ਦਾ ਸੁਭਾਅ ਜ਼ਾਲਮ ਛੁਰੀ ਵਰਗਾ ਹੁੰਦਾ ਹੈ ਅਤੇ ਰਾਜੇ ਕਸਾਈ ਬਣ ਜਾਂਦੇ ਹਨ। ਰਾਜਿਆਂ ਦੇ ਕਸਾਈ ਬਣਨ ਨਾਲ ਸਮਾਜ ਵਿਚੋਂ ਧਰਮ ਪੰਖ ਲਗਾ ਕੇ ਉਡ ਜਾਂਦਾ ਹੈ - 'ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥', ਪੰਨਾ ੧੪੫. ਭਾਈ ਗੁਰਦਾਸ ਜੀ ਨੇ ਵੀ ਇਸ ਵਰਤਾਰੇ ਬਾਰੇ ਇਉਂ ਬਿਆਨ ਕੀਤਾ ਹੈ ਕਿ ਕਲਿਜੁਗ ਵਿਚ ਮਨੁਖੀ ਸੁਭਾਅ ਕੁਤਿਆਂ ਵਾਲਾ ਬਣ ਗਿਆ ਹੈ, ਮਨੁਖ ਕੁਤਿਆਂ ਵਾਂਙ **ਮੁਰਦਾ, ਭਾਵ, ਮਾਸ ਖਾਣ** ਲਗ ਪਏ ਹਨ, ਰਾਜੇ ਜੋ ਖੇਤ ਦੀ ਵਾੜ ਹੁੰਦੇ ਸਨ, ਭਾਵ, ਪਰਜਾ ਦੇ ਰਖਵਾਲੇ ਹੁੰਦੇ ਸਨ, ਉਹ ਉਲਟਾ ਪਰਜਾ ਨੂੰ ਹੀ ਲੁਟਣ ਦਾ ਪਾਪ ਕਮਾ ਰਹੇ ਹਨ, ਪਰਜਾ ਵੀ ਰੱਬੀ ਗਿਆਨ ਬਾਝੋਂ ਅੰਨ੍ਹੀ ਹੋ ਗਈ ਹੈ ਅਤੇ ਉਸਦਾ ਧਰਮ ਵੀ ਕੂੜ ਹੋ ਗਿਆ ਹੈ, ਭਾਵ ਸਭ ਪਾਸੇ ਪਾਪ ਦਾ ਹੀ ਬੋਲਬਾਲਾ ਹੋ ਗਿਆ ਹੈ - 'ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ॥ ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥ ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਅਲਾਈ॥..ਵਰਤਿਆ ਪਾਪ ਸਭਸ ਜਗ ਮਾਂਹੀ॥', ਵਾਰ ੧:੩੦.

ਗੁਰਮਤਿ ਵਿਚ ਰਾਜ ਦੇ ਬਾਰੇ ਵਧੇਰੇ ਜਾਣਨ ਲਈ ਪੜੋ :

gurmat.net/2-concept-of-ruler/ ਅਤੇ

sikhis.com/concept-of-ruler

**ਜਿਥੈ ਜੀਆਂ ਹੋਸੀ ਸਾਰ॥ ਨਕੀਂ ਵਢੀਂ ਲਾਇਤਬਾਰ॥੨॥**

-- ਧਰਮਰਾਜ ਦੇ ਦਰਬਾਰ ਵਿਚ, ਜਿਥੇ ਜੀਵਾਂ ਦਾ ਹਿਸਾਬ-ਕਿਤਾਬ ਲਿਆ ਜਾਂਦਾ ਹੈ। ਉਥੇ ਅਜਿਹੇ 'ਪੜ੍ਹੇ ਲਿਖੇ' ਬੇ-ਇਤਬਾਰੇ ਲੋਕਾਂ, ਜਿਨ੍ਹਾਂ ਨੇ ਆਪਣੀ ਪੁਜ਼ੀਸ਼ਨ ਦਾ ਨਾਜਾਇਜ਼ ਫ਼ਾਇਦਾ ਚੁਕ ਕੇ ਦੂਜਿਆਂ ਨੂੰ ਖ਼ਰਾਬ ਕੀਤਾ, ਨੋਚਿਆ, ਖਸੋਟਿਆ, ਕਿਸੇ ਦੇ ਗੁਣ ਦੀ ਕਦਰ ਨਹੀਂ ਕੀਤੀ, ਦੇ ਨਕ ਵਢੇ ਜਾਣਗੇ, ਭਾਵ, ਉਨ੍ਹਾਂ ਨੂੰ ਪੂਰੀ ਤਰ੍ਹਾਂ ਬੇ-ਇਜ਼ਤ, ਬੇ-ਆਬਰੂ ਕੀਤਾ ਜਾਏਗਾ। ਆਪਣੇ ਕੀਤੇ ਕਰਮਾਂ ਦਾ ਲੇਖਾ ਤਾਂ ਹਰ ਜੀਵ ਨੂੰ ਦੇਣਾ ਹੀ ਪੈਂਦਾ ਹੈ।

